ਦਫਤਰ ਡਾਇਰੈਕਟਰ, ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸਦ, ਪੰਜਾਬ,
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਮੋਹਾਲੀ।
ਫੋਨ ਨੰ: 0172-2212221, ਫੈਕਸ ਨੰ: 0172-2212793

ਵੱਲ:-

ਸਮੂਹ ਜ਼ਿਲ੍ਹਾ ਅਫਸਰ,(ਐ.ਸਿ./ਸੈ.ਸਿ.),
ਪੰਜਾਬ।

ਮੀਮੋ ਨੰ:5/ **51** -2018 ਅਕਾਦਮਿਕ
ਮਿਤੀ.ਐਸ.ਏ.ਐਸ ਨਗਰ. 13/07/18

ਵਿਸ਼ਾ:- ਡੀ.ਐਲ.ਐੱਡ/ ਬੀ.ਐਡ ਦੇ ਸਿੱਖਿਆਰਥੀਆਂ ਵੱਲੋਂ ਟੀਚਿੰਗ ਪ੍ਰੈਕਟਿਸ ਲਗਾਉਣ ਸਬੰਧੀ।

ਵੱਖ-ਵੱਖ DIETS/ Self Financed D.El.Ed Colleges ਵਿੱਚ ਸਿੱਖਿਆਰਥੀ ਕ੍ਰਮਵਾਰ ਡੀ.ਐੱਲ.ਐੱਡ/ ਬੀ.ਐਡ ਕਰਦੇ ਹਨ, ਉਨ੍ਹਾਂ ਦੇ Curriculum ਵਿੱਚ ਹਰ ਸਾਲ ਟੀਚਿੰਗ ਪ੍ਰੈਕਟਿਸ ਕਰਵਾਉਣ ਦਾ ਉਪਬੰਧ ਹੁੰਦਾ ਹੈ। ਪਿੱਛਲੇ ਸਮੇਂ ਦੌਰਾਨ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਸਬੰਧਤ ਸੰਸਥਾਵਾਂ ਦੇ ਪ੍ਰਬੰਧਕਾਂ ਵੱਲੋਂ ਡੀ.ਐੱਲ.ਐੱਡ/ ਬੀ.ਐੱਡ ਕਰਨ ਵਾਲੇ ਸਿੱਖਿਆਰਥੀਆਂ ਨੂੰ ਉਨ੍ਹਾਂ ਦੀ ਸੁਵਿਧਾ ਅਨੁਸਾਰ ਨੇੜੇ ਦੇ ਸਕੂਲਾਂ ਵਿੱਚ ਭੇਜ ਦਿੱਤਾ ਜਾਂਦਾ ਹੈ, ਜਦੋਂ ਕਿ ਸਕੂਲ ਵਿੱਚ ਪਹਿਲਾਂ ਤੋਂ ਹੀ ਲੋੜੀਂਦੇ ਅਧਿਆਪਕ ਮੌਜੂਦ ਹੁੰਦੇ ਹਨ। ਜਦੋਂ ਅਜਿਹੇ ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ ਲਗਾਈ ਜਾਂਦੀ ਹੈ ਤਾਂ ਸਕੂਲ ਵਿੱਚ ਨਿਯੁਕਤ ਅਧਿਆਪਕ ਬਿਲਕੁਲ ਵਿਹਲੇ ਹੋ ਜਾਂਦੇ ਹਨ ਅਤੇ ਸਿੱਖਿਆਰਥੀ ਆਪਣੀ Lesson Plan ਅਨੁਸਾਰ ਹੀ ਕਲਾਸਾਂ ਵਿੱਚ ਪੜਾਉਂਦੇ ਹਨ ਜਿਸ ਨਾਲ ਵਿਦਿਆਰਥੀਆਂ ਦਾ ਸਿਲੇਬਸ ਪਿੱਛੇ ਪੈ ਜਾਂਦਾ ਹੈ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ।

ਇਸ ਲਈ ਵਿਭਾਗ ਨੇ ਗੰਭੀਰਤਾ ਨਾਲ ਸੋਚਦਿਆਂ ਇਹ ਫੈਸਲਾ ਕੀਤਾ ਹੈ ਕਿ ਟੀਚਿੰਗ ਪ੍ਰੈਕਟਿਸ ਲਗਾਉਣ ਸਬੰਧੀ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ./ਸੈ.ਸਿ.) ਵੱਲੋਂ ਅਜਿਹੇ ਸਿੱਖਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਲਈ ਸਕੂਲਾਂ ਵਿੱਚ ਭੇਜਣ ਤੋਂ ਪਹਿਲਾਂ ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ ਨੂੰ ਤਜਵੀਜ਼ ਭੇਜੀ ਜਾਵੇ। ਸਿੱਖਿਆਰਥੀਆਂ ਦੀ ਟੀਚਿੰਗ ਪ੍ਰੈਕਟਿਸ ਲਗਾਉਣ ਦੀ ਤਜਵੀਜ਼ ਭੇਜਣ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਡੀ.ਐੱਲ.ਐੱਡ ਦੇ ਸਿੱਖਿਆਰਥੀਆਂ ਨੂੰ ਉਥੇ ਹੀ ਭੇਜਣਾ ਯਕੀਨੀ ਬਣਾਇਆ ਜਾਵੇ ਜਿਨ੍ਹਾਂ ਸਕੂਲਾਂ ਵਿੱਚ ਪ੍ਰਾਇਮਰੀ ਅਧਿਆਪਕਾਂ ਦੀਆਂ ਪੋਸਟਾਂ ਖਾਲੀ ਹਨ ਅਤੇ ਬੀ.ਐੱਡ ਦੇ ਸਿੱਖਿਆਰਥੀਆਂ ਨੂੰ ਉਨ੍ਹਾਂ ਸਕੂਲਾਂ ਵਿੱਚ ਹੀ ਭੇਜਿਆ ਜਾਵੇ ਜਿਹੜੇ ਸਕੂਲਾਂ ਵਿੱਚ ਸਬੰਧਤ ਵਿਸ਼ਿਆਂ ਦੀਆਂ ਪੋਸਟਾਂ ਖਾਲੀ ਹਨ ਨਾਂ ਕਿ ਸਿੱਖਿਆਰਥੀਆਂ ਦੀ ਸਹੂਲਤ ਮੁਤਾਬਿਕ ਨੇੜੇ ਦੇ ਸਕੂਲਾਂ ਵਿੱਚ ਭੇਜ ਕੇ ਕੋਰਮ ਪੂਰਾ ਕੀਤਾ ਜਾਵੇ। ਸਕੂਲਾਂ ਦੇ ਵਿਸ਼ਾ ਅਧਿਆਪਕ ਸਮੇਂ ਸਮੇਂ ਤੇ ਟੀਚਿੰਗ ਪ੍ਰੈਕਟਿਸ ਦੀ ਜਮਾਤ ਵਿੱਚ ਪਿੱਛੇ ਬੈਠ ਕੇ ਆਬਜ਼ਰਵ ਕਰਨ ਕਿ ਸਿੱਖਆਰਥੀਆਂ ਵੱਲੋਂ ਸਲੇਬਸ ਅਨੁਸਾਰ ਹੀ ਪੜ੍ਹਾਇਆ ਜਾਵੇ ਅਤੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਨ ਜੋ ਕਿ ਸਿੱਖਿਆਰਥੀਆਂ ਦੇ ਇੱਕ ਚੰਗਾ ਅਧਿਆਪਕ ਬਣਨ ਵਿੱਚ ਸਹਾਈ ਹੋਵੇਗਾ। ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ.) ਸਿੱਖਿਆਰਥੀਆਂ ਨੂੰ ਖਾਲੀ ਪੋਸਟਾਂ ਵਾਲੇ ਸਕੂਲਾਂ ਵਿੱਚ ਭੇਜਣ ਸਬੰਧੀ ਮੁਕੰਮਲ ਅੰਕੜੇ ਤਿਆਰ ਕਰਕੇ ਤਜਵੀਜ਼ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ ਵੱਲੋਂ ਪ੍ਰਵਾਨ ਕਰਵਾਉਣ ਉਪਰੰਤ ਹੀ ਲਾਗੂ ਕਰਨਗੇ । ਇਸ ਦੇ ਨਾਲ ਹੀ ਸਬੰਧਤ ਸਕੂਲ ਮੁੱਖੀ ਸਿੱਖਿਆਰਥੀਆਂ ਦੀ ਟ੍ਰੇਨਿਗ ਉਪਰੰਤ ਉਹਨਾਂ ਵਲੋਂ ਪੜ੍ਹਾਏ ਗਏ Topics ਦਾ ਮੁਲਾਂਕਣ (Evaluate) ਕਰਕੇ out comes ਦੀ ਰਿਪੋਰਟ ਵੀ ਮੁੱਖ ਦਫ਼ਤਰ ਵਿੱਖੇ ਭੇਜਣਗੇ।

ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ।